बाब-55

# छोटी जेही उदासी

## स्यालकोट, जंमू, वैशनो देवी, भदरवाह, चम्बा

जुलायी अगसत 1524-5




गुरू साहब नूं कशमीर दी यातरा विच्चे छड्ड काबुल नूं मुड़ना प्या सी।करतारपुर साहब रह के गुरू साहब नूं महसूस होया कि जिस तरां वैशनो देवी दा मेला लोकायी विच मकबूल है सानूं उथे वी जाना चाहीदा है। वैशनो देवी (जंमू कटड़ा) दा मेला नवरातयां च लगदा है। इह सतम्बर जां अकतूबर महीने विच्च पैदे हन। (नौ नवरातयां तों बाद दसवा दुसेहरा हुन्दा है। नवरातरे सराधां तों बाद आउदे ने।) गुरू साहब महीना दो पहलां ही निकल गए। अन्दाज़ा है कि करतारपुर साहब विखे दो कु साल टिकन दे बाद ही गए होणगे।

**मल्ला भाबड़ा** - अगसत दे महीने गुरू साहब रवाना होए। पहला पड़ाय साहब दा पिंड मल्ला विखे होया। जो करतारपुर साहब तों कोयी 20 कु कि. मी. पहाड़




बेर साहब, मल्ला। (साईकल यातरी 1933)

पासे पैदा है।* इथे पिंड दे बाहरवार किसे जोगियां आदि दे डेरे ते गुरू साहब ने विशराम कीता ते संगतां नूं इथे ही जुड़न वासते कह दित्ता ग्या। शरधालूआं ने नेड़े तेड़े दे पिंडां विच्च जा के होका दे दित्ता कि गुरू नानक आए ने। रात वेले फिर मरदाने दी रबाब ते इथे कीरतन होया। गुरू साहब ने लोकायी नूं हदायत कीती कि पत्थरां, बद्दलां, बूट्यां, सप्पां, देवी देवत्यां नूं पूजन दे बिजाए इक्क निरंकार दे लड़ लग्गो। सिफत सलाह करके तुहाडे दुखड़े दूर होणगे ते तुसी चड़्हदी कल्हा विच्च पहुंच जाओगे। दो तिन्न रातां इथे प्रचार करन उपरंत गुरू साहब अग्गे चलदे बणे।

पिंड मल्ला भाबड़ा विखे फिर गुर असथान वी बण गया जेहड़ा 1947 दे दंग्यां वेले साड़ दित्ता गया सी।� इस गुरधाम नूं वी बेर साहब केहा करदे सन। गुरदुआरे लागे बेरी हुन्दी सी। बेरी दे रुक्ख अज्ज वी मौजूद ने। अणगोले असथान ते अज्ज पाथियां पथियां पईआं नजर आउदिया ने।�

---◈---

**पसरूर दा द्योका** - मल्ले तों कोयी 40 कि. मी. दा सफर करके गुरू साहब पसरूर पहुंचे। पसरूर विखे प्रसिद्ध फकीर अबदुल रहमान रहन्दा सी।� उहदा इक चेला बटाले दा खत्तरी मियां मिट्ठा सी। जिस करके अबदुल रहमान दा नां ही इतहास विच मियां मिट्ठा वी चलदा है। इथे पसरूर विखे जित्थे मियां जी दा टिकाना सी उस नूं द्योके केहा जांदा रेहा है। वकत पा के इथे गुर असथान वी बण्या। इह सथान पसरूर रेलवे स्टेशन दे 500 मीटर दूर नारोवाल सड़्हक ते है। अज्ज इथे सिरफ महराब वाला दरवाजा ही बच्या है। सरोवर छप्पड़ दा रूप लै चुक्का है।गुरू साहब ते मियां मिट्ठा दा आपस विच्च डूंघा प्रेम सी। इनां दा मिलाप डेरा बाबा नानक दे लागे पिंड कठ्याले विखे वी होया।(वेखो सफा 465)

⊙ � पंजाब दे पिंडां थावां दी यातरा बाबत जेहड़ा वी रूट असी तह करांगे उह सिरफ अन्दाज़ा ही होवेगा। क्युकि गुरू साहब ने पंजाब दे पिंडां थांवा दा दौरा 1526यी तों बाद कई वार कीता। खास करके जेहड़े ननकाणा, सुलतानपुर लोधी जां करतारपुर दे नेड़े तेड़े दे जिले हन। पर हर थां ओनां दी आमद दियां यादगारां नही हन मिसाल दे तौर ते करतारपुर/ पक्खोक्यां तों कलानौर दा इतहासिक कसबा कोयी 12 -15 कि. मी. ही है, पर ओथे गुरू साहब दी कोयी यादगार नही है। एसे तरां सैकड़े (जां हज़ारां) इहो जेहे सथान ने जित्थे यादगारां नां बण पाईआं।

असी तां सहूलत लई इनां पिंडां थावां नूं गुरू साहब दी उदासी नाल जोड़ ल्या है तां कि कोयी सथान छुट्टे नां।

* इह वी हो सकदै कि गुरू साहब खास मल्ला कंजरूड़ इलाके विखे सालम ही प्रचार करन करतारपुर तों आए होन। सगो इस गल्ल दी संभावना ज्यादा बणदी है। असी मल्ला नूं इस करके शामल कीता है क्युकि असी नकशे मुताबिक रूट तह करके चल रहे हां।

कैसर-25, इस लिखारी दे नानके इसे ही पिंड दे सन। बजुरगां ने दस्स्या कि जदों 1947 च मुसलमान धाड़वियां दा जत्था प्या तां सिक्खां ते हिन्दूआं नूं सभ कुझ छड्ड छडा के चाणचक्क दौड़ना प्या सी। पिच्छे जो रहे गए उनां नूं कतल कर दित्ता ग्या। लिखारी दा नाना ईशर सिंघ गुरदुआरा साहब छड्ड के जान नूं त्यार नही सी इस करके उनूं वी गुरदुआरे विच्च ही जींदे जी साड़ दित्ता ग्या सी। �

महानकोश- मियां मिट्ठा,



पसरूर दे गुरदुआरा साहब द्योके दा बस इह कुझ बच्या है। पसरूर भाव परसरामपुर। हिन्दू मिथहास दे ब्रहामन देवता परसराम दा शहर। उह परसराम जिस ने खत्तरियां नूं खतम करन दी सौंह खाधी सी।

---◆---

## भारोवाल (सीओके) दे मसखर्यां ने गुरू साहब नूं ढीमां मारियां

पसरूर तों 22 कि. मी. पच्छम चल के गुरू साहब गुरायआ जट्टां दे पिंड सीओ-के (जां सीओकी) रूपा नां दे गुरसिक्ख नूं मिलन आए सन। गुरू साहब ने पिंड दे बाहर ही बिराजे सन। रूपा पिंड गुरू साहब लई लंगर पानी लैन गया तां कुझ समे बाद पिंड दे कुझ मसखरे ते सैतान लोक गुरू साहब कोल आ के टिच्चरां करन लग्ग पए। पुराने सम्यां विच्च वी कई लोक साधू संतां नूं बहुत नफरत करदे हुन्दे सन कि इह वेहलड़ ऐवे तुरे फिरदे ने। गल्ल इथों तक्क पहुंच गई कि मूरखां ने गुरू साहब नूं ढेमां मारनियां शुरू कर दित्तियां।

रूपा जदों परत्या तां उसनूं इह वेख के अतिअंत दुक्ख ते पीड़ा होई। रूपा कहन लग्गा बाबा जी इह पिंड गरकन ते आ गया है जेहड़ा नेक इनसानां दी कदर नही करदा। गुरू साहब ने रूपे नूं समझायआ कि इनां दा की दोश इनां दी बुद्ध ही भ्रिशट गई है। रूपा जिद्द करन लग्गा कि बाबा जी तुसी निरंकार दा रूप हो अजेहे जीवां नूं सजा तां मिलनी ही चाहीदी है। पर शांती दे समुन्दर गुरू साहब रूपे नूं ही समझाउदे रहे।

पर गुरसिक्ख रूपे दा केहा कदों बिरथा जाना सी। वकत पा के पिंड ते कोयी अजेही आफत आई कि पिंड खेंरू खेंरू हो ग्या। हो सकदै कोयी तून जां हैजा आदि फैल्या होवे। पिंड पूरी तरां बे- चराग हो ग्या। जदों गुरू साहब इथे आए सन पिंड दा नां भारोवाल हुन्दा सी। हुन वाला पिंड जिस दा नां स्योके है बाद विच्च अबाद होया।

गुरदुआरा नानकसर सीओकी दी पुरानी तसवीर (साईकल यातरी) असली नां: सीओकी।




इथे गुरू साहब दे बिराजन दा जो असथान बण्या उह छोटा ननकाना कहाउदा सी। पाकिसतान बनन उपरंत मुकामी लोकां ने उहनूं वेहला जान के उथे कबरसतान बना ल्या है। होली हौली इमारत वी अलोप हो गई। हुन कुझ थां वाही अधीन वी है।

---◆---

**फत्ते भिंडर** - भारोवाल (सीओके) तों 20 कि. मी. पच्छम नूं चलके गुरू साहब फत्ते भिंडर (कईआं ने फतह वी लिख्या है) पहुंचे। अते कोयी इक्क दो रातां रुक के गुरमत दा प्रचार कीता। लागले पिंडां दे लोक इथे ही जुड़े। अज्ज उंज इह पिंड छोटा जेहा ही रह गया है। उस समें पता नही इहदी की अहमियत होवेगी। इह 1947 तों पहलां वी मुसलमाना पिंड ही सी। इथों दा गुरदुआरा साहब बहुत ही आलीशान बण्या होया है ।मुरंमत दी सखत जरूरत है नही तां छेती ही ढह जाएगी। इहो अन्दाज़ा है कि पिंड पहलां भिंडर जट्ट सिक्खां दा सी जो वकत पा के सभ मुसलमान हो गए। हो सकदा इथो दा कोयी वड्डे असर रसूख वाला चौधरी होवे जिस ने गुरू साहब नूं सद्द्या सी।

---◆---

**साहोवाला** - कसबा साहोवाला जदों गुरू साहब



गुरू नानक चरन असथान फतह भिंडर।

पधारे उह वजीराबाद वाले पासे जा रहे सन। (स्यालकोट तों 13 कि. मी. पच्छम) ओहनी दिनी इस पिंड दा नां गुमटाला गिल्लां वाला हुन्दा सी। गुरू साहब दी आमद ते गिल्ल जट्ट हंकार विच्च ही आफरे रहे ते साहब दा प्रचार कन्न ते रक्खन नूं त्यार नही सन। गुरू साहब दी दूर द्रिशटी इनां दा भविख वी देख रही सी। गुरू जी अग्गे चलदे बणे।

दूर कुझ मीलां ते जा के गुरू साहब इक्क उजाड़ सथान ते बिराजे होए सन कि इक्क आजड़ी मुंडा जो बकरियां चार रेहा सी आ  के गुरू साहब दे चरनी लग्गा। फिर बकरियां चोय के गुरू साहब अते साथियां नूं दुद्ध भेट कीता। गुरू साहब ने पुच्छ्या काका तेरा की नां आ उस केहा कि मेरा नाम साउ है पिंड सोहदरा।

गुरू साहब दी साउ ते मेहर दी निगाह होयी ते उहनूं कहन लग्गे साऊ तूं आपना पिंड छड्ड प्रवार समेत गुमटाले जा वस्स। साऊ ने ओसे तरां ही कीता। वकत पा के कोयी अजेही आफत आई कि गुमटाले दे सारे गिल्ल पिंड छड्ड के दौड़ गए। साऊ जो ओनी दिनी पिंड विच्च टप्परी पा के रह रेहा सी बेअबाद पिंड दा मालक ही बण ग्या।

ओसे साउ ने फिर गुरू साहब दा असथान बणायआ जित्थे छेवें पातशाह ने वी चरन पाए।

पिंड गुमटाला हुन साउवाला जां साहोवाला बण ग्या। साउ चीमा गोत दा जट्ट सी।

खालसा सरकार वेले इथे इक्क नेहंग सिंघ सेवा करदा सी। इक्क वेरां महाराजा रणजीत सिंघ स्यालकोट विखे पहुंचे होए सन ते इह नेहंग जा महाराजा दे हाजर होया अते इस असथान बारे जाणकारी दित्ती। नाले गुरदुआरा साहब नेड़े मौजूद सुखचैन रुक्ख दियां दातणां वी नाल लै गया सी जो महाराजे दे भेट कीतियां। महाराजा बहुत प्रसन्न होया अते पंज रुपए नेहंग सिंघ नूं दित्ते कि मेरे नां दा मत्था टेक देना मैं दुबारा कदी दरशन वी करांगा। पर महाराजे नूं वकत ही नां मिल्या दुबारा आउन दा।

---◆---



गुरु नानक असथान साहोवाला। इह उदासियां दा गुरदुआरा साहब जो मन्दर दी न्यायी बण्या है। मूल विच इह वी कोयी बोधी असथान होवेगा जो बाद विच जोगियां कोल गया ते फिर उदासियां इथे गुरदुआरा साहब बणायआ। केहा जांदा साहोवाल कसबा 800 साल पुराना है। अज्ज कल इसलाम दा प्रसिध केंदर बण चुक्का है।(फोटो: इकबाल कैसर)

## स्यालकोट

लहौर तां ऐवें 1000 कु साल पहलां ही उभरदा है पंजाब दे पुराने शहर स्यालकोट, जलंधर ते मुलतान आदि होए ने। शायद स्यालकोट पंजाब दा सभ तों पुराना शहर ही होवे। इसदा जिकर तां बकायदा महां भारत विच्च वी मिलदा है। यूनानी बादशाह सिकन्दर ने स्यालकोट ते हमला करके शहर तहस नहस कर दित्ता सी। बाद विच्च फिर ओसे दे गवरनर राजा मीनन्दर ने शहर नूं अबाद कीता ते राजधानी बणायआ सी। जदों गुरू नानक साहब इथे पहुंचे तां इह शहर फिर गरक होन किनारे सी।

हमजा गौंस शहर नूं तबाह करन ते तुल्या सी

- शहर दे दक्खन पासे ऐक नदी किनारे हमज़ा गौंस नां दा फकीर किसे पुराने मकबरे जां तकीए ते रहन्दा सी। जदों गुरू साहब ने स्यालकोट चरन पाए शहर दे लोक सहमे होए सन। क्युकि हमजा गौंस नां दा फकीर शहर नूं तबाह करन दे इरादे नाल चिल्ले कर रेहा सी।

कारन इह सी कि फकीर नूं शहर निवासियां नाल गुस्सा सी कि इह वायदा करके मुक्कर जांदे ने। पहलां वी फकीर नाल कोयी इक्क अद्ध वारदात होयी सी पर इस वाली ते फकीर नूं ज्यादा ही गुस्सा आ  ग्या।

होया इस तरां कि शहर दे इक्क अमीर हिन्दू वपारी हरिजस वडेहरा खत्तरी दे घर औलाद नही सी। उह पीर दे दर ते गिड़ गिड़ायआ ते इथों तक्क कह दित्ता कि जे मेरे घर औलाद हो जाए तां पहला मुंडा मै पीर दी दरगाह ते ही चड़ा द्यांगा। पीर ने उहदे घर ओलाद होन वासते दुआ कीती। ��वकत पा के  उस दे घर पुत्तर ने जनम ल्या। जंमदे बच्चे नूं उह पीर दा अशीरवाद दिवाउन लै के आया। पीर वी खुश हो ग्या। पर ज्यो ही बच्चा वड्डा होना शुरू होया माप्यां ने पीर कोल फेरा पवाउना बन्द कर दित्ता।

पीर दे आखन दे बावजूद उह बच्चे नूं लै के नही सन आउदे । इस ते पीर नूं बड़ा गुस्सा चड़्या ते उस ने ढिडोरा पिटवा दित्ता कि उह 40 दिन दा चिल्ला भोरे विच्च वड़ के कट्टन जा रेहा है। चिले अग्गे कंध कढवा लई कि मैं 40 दिन सूरज नही तकणा। शहर वासी इस गल्ल ते सहम गए।

भाना करतार दा। जदों पीर दी हड़ताल नूं 30-35 दिन हो चुक्के सन तां इलाके विच्च भुचाल दा छोटा जेहा झटका आया जिस कारन शहर स्यालकोट दे लोक होर वी सहम गए।

हमजा गौंस दी इस हड़ताल दा गुरू साहब नूं पता लग्गा तां उनां स्यालकोट नूं चाले पाए सन। हमजा गौंस दे तकीए तों थोड़ा हटवां गुरू साहब ते मरदाने इक्क बेरी थल्ले आ  डेरा जमा ल्या।

गुरू साहब दे हुकम मुताबिक मरदाने ने जा पीर दे

पसरूर द्योका -कैसर-26, बरवाला-72
https://www.youtube.com/watch?v=Mdt6UcOLAkM
**सीओका (छोटा ननकाणा)**- कैसर 26, बरवाला 73, दीदार-58,
**फतह भिंडर:**-  बरवाला-74, कैसर-31, दीदार- 59
**साहोवाल**- कैसर 25, बरवाला 74, संग्रेह 23?

तक्कीए ते आवाज मारी "पीर जी! बाहर आओ तुहानूं मिलन रब्ब दा प्यारा आया है।"

अन्दरों अवाज आई कि पीर जी दा 40 दिन दा चिल्ला चल रेहा है उह बाहर नही निकलणगे जिन्ना चिर स्यालकोट शहर तबाह नही हो जांदा। सो पीर ने गल्ल करन तों कोरी नांह कर दित्ती।

मरदाने ने जा गुरू साहब नूं दस्स्या कि पीर तां तकीए दुआले कंधां बणायी बैठा है अते जिद्द विच्च है कि मैं बाहर नही आउणा।



चिल्हा ते कबर हमझा गौंस, स्यालकोट। इहनां नूं वी मुरंमत दी सखत जरूरत है। सानूं नही लगदा कि इसलामिक स्टेट पाकिसतान इस असथान दी मुरंमत करवाए। सो जरूरत है सिक्ख संगतां कोशिश करके इह यादगार वी बचायी रक्खण।(फोटो: इकबाल कैसर)

इस तों बाद फिर गुरू साहब खुद तकीए ते गए ते अवाज मारी कि खुदा दा वासता पीर जी बाहर आउ। पीर ने ऐतकां निरी नां ही नही कीती सगों रुक्खा वी बोल्या।

गुरू साहब अवाज ला के तकीए तों परते ही सन कि तकीए दी कंध डिग्ग पई। हमजा गौंस दी सौंह कि मैं 40 दिन सूरज नही वेखणा, टुट्ट गई।

हमजा बहुत कलप्या। पर नाल ही उनूं अहसास हो गया कि इह तां सच्च मुच्च ही रब्ब दा कोयी प्यारा है जो मैनूं अवाजां ला रेहा सी।

पीर पहुंच गया गुरू साहब कोल। कहन लग्गा मेरी खुदा नाल लगन लग्गी होयी सी तुसां तोड़ दित्ती है। मैनूं प्रेशान कीता है तुसी। गुरू साहब ने सवाल कीता केहड़े खुदा दी गल्ल कर रहे हो? पीर नूं होर गुस्सा आया ते कहन लग्गा उह खुदा जो सारी कायनात दा मालक है ते तेरा (नानक) वी मालक है। गुरू साहब केहा कि की उह खुदा स्यालकोट दे निवासियां दा नही है?

पीर नूं इक्क दम होश आ गई। पीर लाजवाब सी। अग्गे कुझ वी कहन दी जरूरत ना पई। पीर साहब गुरू साहब दे चरनां ते सी। फिर वी दलील मात्र कहन लग्गा कि स्यालकोट दे लोक अहसान फरामोश ने। खुदा बुरे बन्दे नूं सजा दिन्दा है।

गुरू साहब ने सवाल कीता कि की सारा स्यालकोट ही बेईमान लोकां दा है? पीर साहब जिद्द विच्च आए ते कहन लग्गे हां सारे ही लोक झूठे ने ,बेईमान हन। गुरू साहब ने केहा चलो हुने देख लैंने आ।

गुरू जी ने मरदाने नूं दो टके दित्ते ते केहा कि बाजार विच्च जायो ते हर दुकानदार नूं कहो कि मैनूं टके दा झूठ ते टके दा सच्च द्यो। मरदाना बजार विच्च पहुंच्या। जिवे इक्क दो दुकानां ते गया तां ओथे हासा पै ग्या। दुकानदार इकट्ठे हो गए कि वेखो इह अनोखा ही गाहक आया है।

पर इनां हटवाणियां विच्च इक्क मूला नां दा कराड़ (बाणिया) वी सी। उस ने मरदाने कोलो दोवे टके लै लए ते इक्क परची ते लिख दित्ता: जीऊना झूठ ते मरना सच्च।

जिवे मरदाना परची लै के गुरू साहब कोल पहुंचा तां गुरू साहब ने परची पड़ह के पीर नूं इह गल्ल दस्सी कि सारा शहर झूठ्यां दा नही। कई रब्ब नूं मन्नन वाले बन्दे वी हुन्दे ने, ग्यानवान बन्दे वी हर समाज विच्च हुन्दे ने ते झूठे फरेबी वी हर थां। गुरू साहब ने पीर नूं कुदरत दे खेड बारे ग्यान करवायआ कि कुदरत ने वन्नगी पैदा कीती है। बुरायी तों ही सानूं चंग्यायी दा पता लग्गदा है। चोर यार कूड़्यार साधू संत सभ ओसे खुदा दे ही पैदा कीते होए हन।:




गुरदुआरा बाओली साहब। जदों दूसरी वारी गुरू साहब स्यालकोट आए तां इथे रुके सन। इथे ही मूले कराड़ दी लाश उहदे रिशतेदार चुक्क ल्याए सन कि मूले कोलों गलती हो गई इहनूं बखशश द्यो।

असंख जप असंख भाउ ॥ असंख पूजा असंख तप ताउ ॥ असंख गरंथ मुखि वेद पाठ ॥ असंख जोग मनि रहह उदास ॥ असंख भगत गुन ग्यान वीचार ॥ असंख सती असंख दातार ॥ असंख सूर मुह भख सार ॥ असंख मोनि लिव लाय

तार ॥ कुदरति कवन कहा वीचारु ॥ वार्या न जावा एक वार ॥ जो तुधु भावै सायी भली कार ॥ तू सदा सलामति निरंकार ॥17॥

उपरंत जदों गुरू साहब ने हेठली पाउड़ी पड़ी तां पीर दे मन्न नूं कुझ ढारस बझ्झी।

असंख मूरख अंध घोर ॥ असंख चोर हरामखोर ॥ असंख अमर करि जाह जोर ॥ असंख गलवढ हत्या कमाह ॥ असंख पापी पापु करि जाह ॥ असंख कूड़्यार कूड़े फिराह ॥ असंख मलेछ मलु भखि खाह ॥ असंख निन्दक सिरि करह भारु ॥ नानकु नीचु कहै वीचारु ॥ वार्या न जावा एक वार ॥ जो तुधु भावै सायी भली कार ॥ तू सदा सलामति निरंकार ॥ 18॥



गुरदुआरा साहब बाबे दी बेर। हमझा गौंस दा चिल्ल्हा तड़ाउन वेले जिथे गुरू साहब बिराजे होए सन। ओथे दी उस वेले दी बेरी अज्ज वी मौजूद है। पाकिसतान सरकार ने इमारत दी कार सेवा करवायी है।

हमजा गौंस दे नां खालसा सरकार वेले इक्क पिंड बन्न्या गया जो अज्ज वी फल फुल्ल रेहा है।

हरजस वढेहरा दा जेहड़ा मुंडा पीर दी दुआ नाल पैदा होया सी, वफादारी निभाउदे होए माप्यां ने उहनूं मुसलमान बना दित्ता जिस दी मुसलमान ओलाद अज्ज वी स्यालकोट विच्च है। हरजस दे होर वी ओलाद होयी जो हिन्दू ही रही ते 1932 ई विच्च इहनां दा टब्बर वी काफी फैल चुक्का सी ते स्यालकोट विच्च वढेहर्यां दी गल्ल इस प्रवार दी ही सी। 1947 दी वंड तों बाद इह किथे बैठे, कोयी पता नही।

बाकी मूले कराड़ दे अजे कोयी ओलाद नही सी होयी जिस करके उहदे जानशीन नही हन।

पीर वी गुरू साहब दा मुरीद ही बण ग्या।

जिस बेरी थल्ले गुरू साहब बिराजे सन उह अज्ज तक्क मौजूद है ते ओथे बड़ा खूबसूरत गुरदुआरा साहब वी मौजूद ही जिस दी मुरंमत कुझ समां पहलां ही पाकिसतान दी सरकार ने करवायी है।

इथे 5-7 दिन प्रचार करके गुरू साहब जंमू वल नूं चलदे होए।

गुरदुआरा बेर साहब दी कार सेवा जथेदार नत्था सिंघ मिसल शहीदां ने करवायी सी। सिक्ख राज वेले कई पिंडां दी जगीर वी गुरदुआरा साहब दे नां लायी गई। जथेदार नत्था सिंघ दा इंतकाल 1817 ई होया अते उनां दी याद विच्च वी स्यालकोट विखे गुरदुआरा हुन्दा सी।

मूला वी गुरू दा हो गया-

गुरू साहब दे प्रचार दा अजेहा असर प्या कि मूला आपनी हट्टी दी सौंपना करके गुरू साहब नाल ही हो तुर्या। गुरू साहब ने उनूं बथेरा मन्हा कीता सी। कुझ ही समें बाद मूले नूं घर दी याद सताउन लग्ग पई।आपनी मंगेतर नूं याद कर कर के अथरू वहाउन लग्ग प्या। गुरू साहब ने मूले नूं वापस भेज दित्ता कि जा, जा के व्याह करवा लै। तेरी लाड़ी तैनूं उडीकदी पई ए सो मूला पहाड़ी इलाके दी सैर वेले नाल सी। इहदी साखी अग्गे सफा 456 ते वेखो।



स्यालकोट इलाके विच अज्ज वी मकबूल है, पूरन भगत दा खूह।

जंमू दे राह तों थोड़ा जेहा पासे जा के मतलब चपराड़ रोड ते पिंड तिलकपुर ते कानपुर हन। (स्यालकोट तों 15 कि. मी. चड़्हदा पहाड़ पासे) इथे तिलकपुर विखे गुरू साहब दे बिराजन दी यादगार वजों गुरदुआरा नानकसर साहब मौजूद है। हालां हुन गुरदुआरा साहब दे खंडरात ही बचे हन। पता लग्गा है कि असथान दी जमीन ते लोकां ने कबजे कर लए ने ते आपस विच्च ओनां दे मुकद्दमे वी चल रहे ने।***** हो सकदै इथे वी जोगियां दा कोयी महत्तवपूरन असथान रेहा होवेगा जेहड़ा गुरू साहब इथे आए। जा कोयी वड्डा मन्दर आदि होवेगा। क्योकि लहौर पास्यो जदों हिन्दू शरधालू वैशनोदेवी दे दरशनां नूं जांदे

सन तां इह पिंड लगपग रसते विच्च ही पैंदे सन। इह पिंड हिन्द-पाक सरहद्द तों केवल दो कि.मी है। साहमने रणबीर सिंघ पुरा सैकटर पैंदा है।

---◈---

## जंमू विच्च बाबा नानक

तिलकपुर- कानपुर तों 30 कि.मी. दा पैडा करके गुरू साहब जंमू पहुंचे।

जंमू वी काफी पुराना शहर गिण्या जांदा है। क्युकि इथे मन्दरां दी भरमार हुन्दी सी इस करके इनूं मन्दरां दा शहर वी गिण्या जांदा सी। जंमू अते नेड़े तेड़े दे होर डुग्गर इलाके विच्च गुरू साहब खूब फिरे ते लोकां नूं नाम नाल जोड़या। अनेकां ब्राहमन परिवार वी सिक्खी लई शरधा रक्खदे सन। पर 1849 ई विच्च जदों अंगरेजां ने खालसा राज ते कबजा कर ल्या तां ओदो इस इलाके दे डोगरे राजा ध्यान सिंघ, हीरा सिंघ, गुलाब सिंघ हुरी महाराजा रणजीत सिंघ दे विशवाशपातर सन। ध्यान सिंघ तां प्रधान मंतरी सी। हीरा सिंघ नूं महाराजा बहुत अकलमन्द समझदा सी। बाद विच्च साबत हो गया डोगर्यां दा इह टब्बर अन्दरखाते अंगरेजां नूं सिक्ख दरबार बारे सूह वी द्या करदा सी। खालसा राज दा खातमा हो गया अते डोगर्यां नूं इनाम वजों जंमू कशमीर दा इलाका अंगरेजां ने दे दित्ता। राजा गुलाब सिंघ फिर कुझ ईरखालू ब्रहामणां दे कहे खालसा राज दी मुखालफत करद्यां करद्यां सिद्धा सिक्ख धरम दी विरोधता ते ही आ गया। क्युकि इस परिवार ने जेहड़ा देश-ध्रोह कीता सी उहदी वकालत करद्यां उस ने इह साबत करनां शुरू कर दित्ता कि उह सिक्खी दे खिलाफ सन जिस करके उहनां इह करतूत कीती। जिस दा नतीजा इह निकल्या कि डुग्गर इलाके विच सिक्खी खिलाफ ही नफरत खड़ी कर दित्ती गई।



बचे खुचे खंडर गुरदुआरा तिलक पुर स्यालकोट

फिर वी सिक्खी बाबत शरधा दे खंडरात किते किते दुरगम पहाड़ी इलाक्यां विच अखौती नीवी अते पछड़ियां जातां विच मिलदे हन। पर बदकिसमती नाल सिक्ख प्रचारक उहनां तक पहुंच बणाउन विच असफल रहे हन।

जंमू दी यातरा वेले गुरू साहब शहर दे सारे मन्दरां विच्च गए ते ब्राहमणां नूं देवी देवत्यां दी निरारथक पूजा तों वरज के इक्क निरंकार भगवान दे लड़ लाउना चाहआ।

गुरू साहब दा जामवंत दी गुफा जाना वी लिख्या मिलदा है। इह तवी दर्या दे कंढे है। इस मन्दर दा नां 18 वी सदी (?) विच्च होए पीर खो दी गुफा करके ज्यादा प्रसिद्ध है। पीर खो वी कोयी जोगी सी।



गुफा पीर खो, जामवंत। जंमू। इथे गुरू साहब दा आउना तसदीक हुन्दा है।

रमायन दी कथा मुताबिक जामवंत, भगवान राम दा सैनापती सी। जदों रावन हार गया ते अमन शांती हो गई तां जामवंत ने भगवान राम नूं केहा कि भगवान मैनूं तां युद्धकल्हा दे जौहर विखाउन दा मौका ही नही तुसां दित्ता। सारी लड़ायी तुसी आप ही अगवायी करी गए हो। कथा च दसदे ने कि भगवान ने जामवंत नूं केहा कि तूं एथे (मतलब जंमू दी गुफा विखे) तपस्या करी जायो त्रेते युग विच्च आ के असी कृष्ण दे रूप विच्च तेरे नाल युध करांगे। किते कथा विच्च जामवंत नूं रिच्छ वी दस्स्यां गया है।

क्युकि इह वी जोगियां दा ही मट्ठ सी इस तों साबत हुन्दा है कि मूल विच्च इह वी बोधी सथान ही सी। गुरू साहब जदों इथे आए जोगियां दा टोला इथे निवास करदा सी। जोगियां नाल जदों साहब दी चरचा होयी तां उस वकत गुरू साहब ने शबद उचार्या:-


रामकली महला 1 ॥ जगु परबोधह मड़ी बधावह ॥ आसनु त्यागि काहे सचु पावह ॥ ममता मोहु कामनि हितकारी ॥ ना अउधूती ना संसारी ॥1॥ जोगी बैसि रहहु दुबिधा दुखु भागै ॥ घरि घरि मागत लाज न लागै ॥1॥ रहाउ ॥ गावह गीत न चीनह आपु ॥ क्यु लागी

ਪੈੜ ਸੂਹ

स्यालकोट (बेर स बाउली स बरवाला -72, कैसर-24, बरवाला-74, संग्रेह 22, 23, दीदार -56, सरना-77 । तिलक पुर- बरवाला 74, कैसर-22 ।जंमू -सरना 197, मनकोट- ग्यानी 223, हमजा गौंस- साईकल यातरी-554, पिंगर -ग्यानी 222 गुफा वेखी।(भम्बलभूसा : हो सकदा गल्ल पांगी घाटी दी होवे)

बाबे दी बेर स्यालकोट- बेरी दा दरखत अज्ज वी मौजूद है। हालां कुझ साल पहलां इथे मुतस्सवियां ने इक्क मुसलमान फकीर नूं नेड़े दफनाय दित्ता सी। मौजूदा इमारत जिस दी सेवा थोड़ा चिर पहलां ही होयी उह शहीद नत्था सिंघ दी बणवायी होयी है। इसे गुरदुआरा साहब विच्च रह के ग्यानी ग्यान सिंघ ने तवारीख गुरू खालसा लिखी सी। सहीद नत्था सिंघ दी समाध ते सरोवर वी है।

कयी लिखारियां दा विचार है कि स्यालकोट दी यातरा गुरू साहब ने मक्के वाली उदासी तों बाद कीती सी। पर जे सथानक प्रम्परा नूं गहु नाल वीचारीए तां पता लग्गदा है कि इस पासे दी यातरा वेले मरदाना नाल सी। मरदाने नूं टके दा सच्च ते झूठ खरीदन बजार भेज्या सी।




जंमू विखे गुरू नानक साहब यादगारी गुरदुआरा। साईकल यातरी अनुसार सिक्खां ने डोगरा राजा हरी सिंघ नूं अरजी दित्ती सी कि सानूं जामवंत गुफा नेड़े गुरदुआरा साहब बणाउन वासते थां दित्ती जावे। उस ने केहा कि होर कोयी वी खाली थां लभ्भ लवो, जमीन अलाट हो जावेगी। इस करके इह गुरदुआरा साहब दी यादगार विच है। जंमू विखे ही पंचायती गुरदुआरे विच महाराजा प्रताप सिंघ ने गुरू साहब दी 3 फुट्ट उची संगमरमर दी मूरती लवायी होयी है। सिंघ सभा लहर वेले इस मूरती वल किसे दा ध्यान नही सी गया जिस करके अज्ज वी बची होयी है।

निवरै परतापु ॥ गुर कै सबदि रचै मन भाय ॥ भिख्या सहज वीचारी खाय ॥2॥ भसम चड़ाय करह पाखंडु ॥ मायआ मोह सहह जम डंडु ॥ फूटै खापरु भीख न भाय ॥ बंधनि बाध्या आवै जाय ॥3॥ बिन्दु न राखह जती कहावह ॥ मायी मागत त्रै लोभावह ॥ निरदया नही जोति उजाला ॥ बूडत बूडे सरब जंजाला ॥4॥ भेख करह खिंथा बहु थटूआ ॥ झूठो खेलु खेलै बहु नटूआ ॥ अंतरि अगनि चिंता बहु जारे ॥ विनु करमा कैसे उतरसि पारे ॥5॥ मुन्द्रा फटक बनायी कानि ॥ मुकति नही बिद्या बिग्यानि ॥ जेहवा इन्द्री सादि लुभाना ॥ पसू भए नही मिटै नीसाना ॥6॥ त्रिबिधि लोगा त्रिबिधि जोगा ॥ सबदु वीचारै चूकसि सोगा ॥ ऊजलु साचु सु सबदु होइ ॥ जोगी जुगति वीचारे सोइ ॥7॥ तुझ पह नउ निधि तू करनै जोगु ॥ थापि उथापे करे सु होगु ॥ जतु सतु संजमु सचु सुचीतु ॥ नानक जोगी त्रिभवन मीतु ॥8॥2॥

भायी मनी सिंघ ने सथानक राजे दा गुरू साहब नाल मिलाप होना वी लिख्या है। इतहास फोलीए तां पता लग्गदा है ओदों जंमू दा राजा घोगड़ देव स्यी जो राजा कपूर देव दा पिता सी। घोगड़ क्युकि पहाड़ी कां दी इक्क जाती है इस करके जंमू नाल सबंधत साखियां नूं काग भसुंड (कां) दियां साखियां करके मशहूर हन।

राजा घोगड़ देव भेस बदल के कथा सुनन आया।

जंमू विच्च शामी जदों गुरू साहब ने दीवान लायआ तां राजा घोगड़ देव भेस बदल के गुरू साहब दी कथा ते कीरतन सुणदा रेहा। दीवान विच्च होर साधू संतां जोगियां ने वी वख्यान दित्ते सन। राजा रसभिन्ने कीरतन तों बहुत प्रभावत होया। अखीर उस कोलों रेहा नां गया तां उह मरदाने तक्क गया ते पुच्छ ही ल्या कि इह किस कवीशर दी कविता तुसां गायी है। अग्गो मरदाने ने केहा कि गुरू नानक दी। नाल ही मरदाने ने इशारा दित्ता कि आह मेरे नाल खुद्द गुरू नानक साहब ही हन। राजे ने गुरू साहब दी उपमा पहलां ही सुन रक्खी सी। उह झट्ट गुरू साहब दे कोल गया ते मत्था टेक्या ते दस्स्या कि मैं इथों दा राजा हां।

जदों घोगड़ देव गुरू साहब दियां चमतकारी ताकतां दा लोहा मन्न गया तां उस ने बड़ी अधीनगी नाल अरदास कीती कि मेरे ते वी किरपा करो। ब्राहमणां तां मेरियां सिफतां कर कर के मैनूं वड्डियां उपाधियां दे रक्खियां हन। कोयी कहन्दा कि तूं काग-भसुंड दा अवतार हैं ते कोयी जामवंत दा अवतार दसदा है। गुरू साहब ने राजे नूं यथारथी होन दा उपदेश दित्ता ते केहा कि इनां ब्रहामणां दियां दित्तिया पदवियां सदका तूं मौत नूं नही टाल सकदा।

गुरू साहब ने उनूं होर उपदेश दित्ता कि*

न्यां धरम दा करनां। पक्ख पात नही करना।

इस जीवन नूं सुपने दी न्यायी समझणा।

सतिनाम दा जाप कर्या करो।

आए गए साधू संत दी सेवा करनां।

गुरु साहब ने राजे नूं बखशश कीती कि तूं 22 धार दे पहाड़ी राज्यां दा महाराजा बणेगा।

कुझ दिन इथे प्रचार कीता तां नवरातर्यां दे उतरन विच अजे दिन सन इस करके गुरू साहब पुरमंडल ते गुरू साहब शरधालूआं दे संग दे नाल वैशनो देवी नूं रवाना हो गए। जंमू तों कटड़ा (पहाड़ां विच्च वैसनो देवी मन्दर दा अधार) कोयी 50 कि. मी. उतर है।

---◆---


## पुरमंडल दी गिद्दड़ी

जंमू तों 20 कि.मी. पूरब विच्च देवका नदी दे कंढे ते इह हिन्दूआं दा पवित्तर असथान है। केहा जांदा है कि गुरू साहब इथे वी आए सन।

पुरमंडल, डुग्गर देस दी कांशी गिनी जांदी है, जिथे हिन्दू शरधालू मर गयां दी गती करवाउन आउदे हन। इस शिव मन्दर विच्च इक्क गिद्दड़ी दे बुत्त दी पूजा वी हुन्दी है।

इथों दी कहानी कुझ इस तरां है कि इक्क राजा शिकार खेडन दा बहुत शौकीन सी। इक्क वेरां शिकार खेडद्यां उस ने इक्क गिद्दड़ी दे ही तीर मार दित्ता। तीर गिद्दड़ी दे सिर ते वज्जा। उह कई दिनां तक्क मरी नां ते तड़फदी रही। अखीर पुरमंडल दे सरोवर ते आ के उस पानी पीता ते उहदी जान निकल गई। भाव उहदी गती जां मुकती हो गई।

कुझ समें बाद राजे दे घर इक्क धी ने जनम ल्या। उह हमेशां रोंदी ही रहन्दी सी। हार के राजे ने जोतशी सद्दे ते पुच्छ्या कि इस कुड़ी दा वी कुझ हो सकेगा। जोतशियां ने टेवे ला के राजे नूं दस्स्या कि राजा तूं इक्क गिद्दड़ी नूं बड़ा दुक्ख दित्ता सी जिस करके तेरी धी नूं उहदा बदला चुकाउना पै रेहा है। तूं गिदड़ी दे तीर मार्या सी जिस नाल उह कई दिन तड़फदी रही। राजे ने बन्द्यां नूं ला के इलाके दी छान बीन करवायी ते वेख्या कि इक्क गिद्दड़ी दे करंग दी खोपड़ी विच्च तीर खुभ्या होया है। मुलाजमां ने उह तीर गिद्दड़ी दी खोपड़ी विचों कढ्ढ्या ते दूसरे पासे राज कुमारी नूं चैन पै ग्या। राजे ने गिद्दड़ी दा बुत्त बणवा के पुरमंडल मन्दर विच्च लवा दित्ता जेहड़ा अज्ज वी मौजूद है।



पुरमंडल दी गिदड़ी

गुरू साहब ने इथे वी फिर ब्राहमणां ते लोकायी नूं इस भरम विचों कढ्ढ्या कि तुहाडे पिंड दान, दीवा वट्टी जां करम कांड नाल मोया दी कोयी गती नही हुन्दी।

आसा महला 1 ॥ दीवा मेरा एकु नामु दुखु विचि पायआ तेलु ॥... भाव बाबे ने केहा हां मैं वी दीवा वट्टी करदा वां। हरी दी सिफत सलाह दा दीवा बणाउनै मै उहदे विच्च मैं जियां दे सारे दुक्खां नूं तेल वाङ्ग पा फूक दिन्नां वां। (पूरा शबद वेखो सफा .131)

*इतहासकारां ने गुरू साहब दा मानसर झील जान बारे वी लिख्या है।

मानसर झील जेहड़ी कोयी डेढ कि. मी. लंमी ते कि. मी. चौड़ी है अते रामकोट दी कहानी पंडत महांभारत नाल जोड़दे हन। उह इस तरां कि जदों अरजन पांडव ने असमेध जग्ग कीता तां उहदा घोड़ा रामकोट दे राजे बब्बर वाहन ने फड़ह ल्या। जिस करके अरजुन ते बब्बर दरम्यान जुद्ध होया। बब्बर ने अरजन दा सिर वढ्ढ दित्ता। जदों बब्बर दी मां उलपी नूं पता लग्गा कि तूं तां आपने ही प्यो नूं मार दित्ता है तां बब्बर पछतायआ। उलपी बाशक नाग दी पुत्तरी सी। अरजुन नूं सुरजीत करन लई मनी चाहीदी सी।मनी लैन लई बब्बर वाहन नूं हुन शेसनाग नाल जुध करनां प्या। बब्बर ने अजेहा तीर मार्या कि सुरंगसर वाली सुरंग बण गई जिसदा नां अज्ज सुरनसर। मनी लै के बब्बर जिथों बाहर निकल्या उस थां दा नां बण्या मणीसर सां जां मानसर।

मानसर, पुरमंडल तों सिद्धी सारी 12 कि.मी दूर है पर पहाड़ी इलाका होन करके घुंम के कोयी 40 कि. मी पवेगा। सानूं नही लग्गदा कि इथे वी गुरू साहब आए होन हालां इथे नाग देवता दा मन्दर तां जरूर है। मानसर झील तों सुरीनसर झील 15 कि.मी. उतर-पच्छम है। इह असथान तफरी पक्खो तां ठीक है पर धारमिक पक्खो इने प्रसिध नही हन। खैर उस जमाने इनां दी की अहमियत सी इस बारे कुझ नही केहा जा सकदा।मानसर झील तों 20 कि. मी. चलके गुरू साहब बब्बर वाहन दी राजधानी मानकोट पहुंचे।� इसदा मौजूदा नां रामकोट है। साडा अन्दाज़ा है कि राजा घोगड़ देव उस वेले इथों दा राजा सी। जिस दी काग भुसंड वाली कहानी गुरू साहब नाल जोड़ी मिलदी है। क्युकि धुर पहाड़ी इलाका है इह।इन्हां पहाड़ी तीरथां तों ही कित्यो मूले कराड़ नूं गुरू साहब ने वापस स्यालकोट भेज दित्ता। क्युकि मूला रोज रोज दी पैदल यातरा तों अक्क गया सी।क्युकि हर थां शेश नाग वाली कहानी दस्सी जा रही सी ते बाशक नाग दा मुख मन्दर भद्दरवाह हैइस करके गुरू साहब मानसर वल वापस आ गए ते इथो ऊधम पुर नूं हुन्दे होए रसते च वक्ख वक्ख थावां ते लोकायी दा उधर करदे होए 150-200 कि. मी. दा पैंडा करके भदरवाह पहुंचे।

� लिखारियां गुरू साहब दा किशतवाड़ वी जाना लिख्या है, हालां किशतवाड़ है तां इतहासक थां जिसदा सबंध रमायन नाल जा जुड़दा है पर गुरू साहब दे वेल्यां च इह आपनी अहमियत गवा चुक्का सी ते छोटी जेही जगीर बची सी। ओदो देस दा मुक्ख नगर भदरवाह ही सी। कई लिखारियां ने गुरू साहब दा किशतवाड़ जाना लिख्या है।� इथे तहसीलदार तीरथ सिंघ ने 4000 खरच के गुरदुआरा साहब पायआ ते कोयी 700 मेघ जात दे लोकां नूं सिक्खी दे दायरे विच्च ल्यादा सी।किशतवाड़ दे उतर -पूरब विच्च इलाका पद्धर पैदा है। इथों दे पहाड़ी इलाके विच्च पहुंच गुरू साहब ने------- (बाकी अगली फाईल विच)

ਫੈੁਟ ਨੋਟ

ृय मनी सिंघ-512

Pahari Style of Indian Murals - by Shukh Dev Singh Charak, Anita K. Billawaria, Abhinav Publications, Delhi.

कुझ इतहासकारां अनुसार घोगड़ देव जंमू दा राजा नही सी। हो सकदै उह भदरवाह, मनकोट जां किसतवाड़ आदि किसे होर र्यासत दा राजा होवे। पर बहुते इतहासकार घोगड़ देव नूं जंमू दा राजा ही मन्नदे हन। http://www.chiefacoins.com/Database/Countries/Jammu.htm

काग भसुंडी रमायन दी कथा दा इक्क पातर है। जिवे कि पहलां आ चुक्का है कि ब्राहमन लोक आपने राज्यां नूं धारमिक उपाधियां दे रक्खदे सन कि राजा तूं फलाने देवते दा अवतार है तां कि परजा राजा दी इजत्त करे। इतहास तों पता लग्गदा है कि राजे अकसर फूक विच्च आ जांदे सन।

� सरना-198